بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974,E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗੇ ਓਹਦ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਸ਼ਰਧਾਲੂਆਂ ਦੀਆਂ ਕੁਰਬਾਨੀਆਂ ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਨਾਲ ਇਸ਼ਕ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 09 ਫ਼ਰਵਰੀ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ اِيَّاكَ نَعۡبُدُ وَ اِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ اَنۡعَمۡتَ عَلَيۡهِمۡ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਜੰਗੇ ਓਹਦ ਦੇ ਹਵਾਲੇ ਨਾਲ ਅਬੂ ਸੁਫ਼ਯਾਨ ਦੇ ਨਾਅਰੇ ਦਾ ਜ਼ਿਕਰ ਹੋ ਰਿਹਾ ਸੀ। ਜਿਸ ਵਿੱਚ ਉਹ ਆਪਣੇ ਬੁੱਤਾਂ ਦੀ ਤਾਰੀਫ਼ ਬਿਆਨ ਕਰ ਰਿਹ ਸੀ ਅਤੇ ਉਸ ਉੱਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਰੱਬ ਲਈ ਗ਼ੈਰਤ ਦਾ ਪ੍ਰਕਟਾਵਾ ਸੀ। ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਹਦੀਸਾਂ ਵਿੱਚ ਆਉਂਦਾ ਹੈ ਕਿ ਜੰਗੇ ਓਹਦ ਵਿੱਚ ਅਬੂ ਸੁਫ਼ਯਾਨ ਨੇ ਬਹੁਤ ਜ਼ੋਰ ਨਾਲ ਕਿਹਾ ਕਿ ਸਾਡੀ ਮਦਦ ਵਿੱਚ ਸਾਡਾ ਉੱਜ਼ਾ ਬੁੱਤ ਹੈ। ਪਰ ਤੁਹਾਡੀ ਮਦਦ ਵਿੱਚ ਕੋਈ ਬੁੱਤ ਨਹੀਂ। ਤੱਦ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਮੁਸਲਮਾਨਾਂ ਨੂੰ ਫ਼ਰਮਾਇਆ ਕਿ ਤੁਸੀਂ ਕਹੋ ਕਿ ਸਾਡਾ ਮੌਲਾ ਅਤੇ ਸਾਡਾ ਸਹਿਯੋਗੀ ਸਾਡਾ ਰੱਬ ਹੈ। ਪਰ ਤੁਹਾਡਾ ਕੋਈ ਸਹਿਯੋਗੀ ਨਹੀਂ

ਆਪ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਸੱਚਾਈ ਦਾ ਕਿਹੋ ਜਿਹਾ ਸਬੂਤ ਸੀ ਕਿ ਤਲਵਾਰ ਦੇ ਹੇਠਾਂ ਵੀ ਉਹਨਾਂ ਨੇ ਇਹ ਨਹੀਂ ਕਿਹਾ ਕਿ ਰੱਬ ਸਾਨੂੰ ਬਚਾ ਸਕਦਾ ਹੈ।

ਫ਼ਿਰ ਆਪ ਰਜ਼ੀ ਅੱਲਾਹ ਅੰਨਹੁ ਇੱਕ ਥਾਂ ਫ਼ਰਮਾਉਂਦੇ ਹਨ ਕਿ ਜੱਦ ਮੁਸਲਮਾਨਾਂ ਦੇ ਕੰਨਾਂ ਵਿੱਚ ਇਹ ਆਵਾਜ਼ ਪਈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਸ਼ਹੀਦ ਹੋ ਗਏ ਹਨ ਤਾਂ ਛੇਤੀ ਨਾਲ ਪਰਤੇ ਅਤੇ ਉਹਨਾਂ ਨੇ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਉੱਤੋਂ ਲਾਸ਼ਾਂ ਨੂੰ ਚੁੱਕਿਆ ਤਾਂ ਪਤਾ ਲੱਗਿਆ ਕਿ ਆਪ ਸੱਲਲਾਹੁ ਅਲੈਹਿ ਵਸੱਲਮ ਹਾਲੇ ਜ਼ਿੰਦਾ ਹਨ। ਉਸ ਸਮੇਂ ਇੱਕ ਸਹਾਬੀ ਨੇ ਆਪਣੇ ਦੰਦਾਂ ਨਾਲ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਖ਼ੋਦ ਦਾ ਇੱਕ ਕੀਲ ਕੱਢਿਆ। ਜਿਸ ਨਾਲ ਉਹਨਾਂ ਦੇ ਦੋ ਦੰਦ ਟੁੱਟ ਗਏ ਸਨ। ਆਪ ਸੱਲਲਾਹੁ ਅਲੈਹਿ ਵਸੱਲਮ ਕੁੱਝ ਸਹਾਬੀਆਂ ਦਾ ਇੱਕ ਗਰੁੱਪ ਲੈ ਕੇ ਪਹਾੜ੍ਹੀ ਦੇ ਵਿੱਚਕਾਰ ਚਲੇ ਗਏ।

ਇਸ ਮੌਕੇ ਉੱਤੇ ਅਬੂ ਸੁਫ਼ਯਾਨ ਨੇ ਉੱਚੀ ਆਵਾਜ਼ ਨਾਲ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦਾ ਨਾਂ ਲਿਆ ਫ਼ਿਰ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਦਾ ਅਤੇ ਫ਼ਿਰ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਦਾ ਨਾਂ ਲੈ ਕੇ ਕਿਹਾ ਕਿ ਅਸੀਂ ਉਹਨਾਂ ਨੂੰ ਮਾਰ ਦਿੱਤਾ ਹੈ। ਜੱਦ ਅਬੂ ਸੁਫ਼ਯਾਨ ਨੇ ਵੇਖਿਆ ਕਿ ਕੋਈ ਉੱਤਰ ਨਹੀਂ ਆਇਆ ਤਾਂ ਉਸ ਨੇ ਨਾਅਰਾ ਲਾਇਆ ' ਹੁਬਲ ਦੀ ਸ਼ਾਨ ਬੁਲੰਦ ਹੋਵੇ '। ਸਹਾਬੀਆਂ ਨੂੰ ਕਿਉਂਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਬੋਲਣ ਅਤੇ ਉੱਤਰ ਦੇਣ ਤੋਂ ਰੋਕ ਰੱਖਿਆ ਸੀ। ਇਸ ਲਈ ਉਹ ਹੁਣ ਵੀ ਚੁੱਪ ਰਹੇ ਪਰ ਰੱਬ ਦਾ ਉਹ ਰਸੂਲ ਜਿਸ

ਨੇ ਆਪਣੀ ਮੌਤ ਦੀ ਖ਼ਬਰ ਸੁਣ ਕੇ ਕਿਹਾ ਸੀ ' ਚੁੱਪ ਰਹੋ, ਨ ਬੋਲੋ ' । ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਦੀ ਮੌਤ ਦੀ ਖ਼ਬਰ ਸੁਣ ਕੇ ਕਿਹਾ ਸੀ ਕਿ ਚੁੱਪ ਰਹੋ ਨ ਬੋਲੋ ਅਤੇ ਜੋ ਬਾਰ ਬਾਰ ਕਹਿੰਦਾ ਸੀ ਕਿ ਇਸ ਸਮੇਂ ਸਾਡਾ ਲਸ਼ਕਰ ਖਿੰਡਰਿਆ ਹੋਇਆ ਹੈ ਅਤੇ ਖ਼ਤਰਾ ਹੈ ਕਿ ਦੁਸ਼ਮਨ ਫ਼ਿਰ ਹਮਲਾ ਨ ਕਰੇ । ਇਸ ਲਈ ਚੁੱਪ ਕਰਕੇ ਉਸ ਦੀਆਂ ਗੱਲ੍ਹਾਂ ਸੁਣਦੇ ਜਾਓ । ਉਸ ਪਵਿੱਤਰ ਮਨੁੱਖ ਦੇ ਕੰਨਾਂ ਵਿੱਚ ਜੱਦ ਆਵਾਜ਼ ਪਈ ਕਿ ਹੁਬਲ ਦੀ ਸ਼ਾਨ ਬੁਲੰਦ ਹੋਵੇ ਤਾਂ ਉਸ ਦੇ ਇੱਕ ਈਸ਼ਵਰਵਾਦ ਦੇ ਜਜ਼ਬੇ ਨੇ ਜੋਸ਼ ਮਾਰਿਆ ਕਿਉਂਕਿ ਹੁਣ ਮੁਹੱਮਦ ਸੱਲਲਾਹੁ ਅਲੈਹਿ ਵਸੱਲਮ ਦੀ ਗੱਲ੍ਹ ਨਹੀਂ ਸੀ । ਹੁਣ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਅਤੇ ਉਮਰ ਰਜ਼ੀ ਅੱਲਾਹ ਅੰਨਹੁ ਦੀ ਗੱਲ੍ਹ ਨਹੀਂ ਸੀ । ਹੁਣ ਰੱਬ ਦੀ ਇੱਜ਼ਤ ਦਾ ਸਵਾਲ ਸੀ । ਆਪ ਸੱਲਲਾਹੁ ਅਲੈਹਿ ਵਸੱਲਮ ਨੇ ਬਹੁਤ ਜੋਸ਼ ਨਾਲ ਫ਼ਰਮਾਇਆ ਤੁਸੀਂ ਕਿਉਂ ਉੱਤਰ ਨਹੀਂ ਦਿੰਦੇ । ਸਹਾਬਾ ਰਜ਼ੀ ਅੱਲਾਹ ਅੰਨਹੁਮਾ ਨੇ ਕਿਹਾ : ਹੇ ਅੱਲਾਹ ਦੇ ਰਸੂਲ ! ਅਸੀਂ ਕੀ ਉੱਤਰ ਦੇਈਏ ? ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਕਹੋ اللهعزوجل-اللهعزوجل । ਹੁਬਲ ਕੀ ਚੀਜ਼ ਹੈ, ਰੱਬ ਦੀ ਸ਼ਾਨ ਬੁਲੰਦ ਹੈ, ਰੱਬ ਦੀ ਸ਼ਾਨ ਬੁਲੰਦ ਹੈ । ਇਹ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਇੱਕ ਈਸ਼ਵਰਵਾਦ ਦੇ ਜਜ਼ਬੇ ਦਾ ਕਿੰਨ੍ਹਾਂ ਸ਼ਾਨਦਾਰ ਪ੍ਰਕਟਾਵਾ ਹੈ । ਆਪ ਸੱਲਲਾਹੁ ਅਲੈਹਿ ਵਸੱਲਮ ਨੇ ਤਿੰਨ ਵਾਰ ਸਹਾਬੀਆਂ ਨੂੰ ਉੱਤਰ ਦੇਣ ਤੋਂ ਰੋਕੇ ਰੱਖਿਆ । ਜਿਸ ਤੋਂ ਪਤਾ ਲੱਗਦਾ ਹੈ ਕਿ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਖ਼ਤਰੇ ਦੀ ਮਹੱਤਤਾ ਦਾ ਪੂਰਾ ਧਿਆਨ ਸੀ ਆਪ ਸੱਲਲਾਹੁ ਅਲੈਹਿ ਵਸੱਲਮ ਜਾਣਦੇ ਸਨ ਕਿ ਇਸਲਾਮੀ ਲਸ਼ਕਰ ਖਿੰਡਰ ਗਿਆ ਹੈ ਅਤੇ ਬਹੁਤ ਘੱਟ ਲੋਕ ਆਪ ਸੱਲਲਾਹੁ ਅਲੈਹਿ ਵਸੱਲਮ ਨਾਲ ਹਨ । ਬਥੇਰੇ ਸਹਾਬੀ ਜ਼ਖ਼ਮੀ ਹਨ ਅਤੇ ਬਾਕੀ ਥੱਕ ਗਏ ਹਨ । ਜੇਕਰ ਦੁਸ਼ਮਨ ਨੂੰ ਇਹ ਪਤਾ ਲੱਗ ਗਿਆ ਕਿ ਇਸਲਾਮੀ ਲਸ਼ਕਰ ਦਾ ਇੱਕ ਹਿੱਸਾ ਜਮਾਂ ਹੈ ਤਾਂ ਉਹ ਕਿੱਥੇ ਫ਼ਿਰ ਹਮਲਾ ਕਰਨ ਦੀ ਹਿੰਮਤ ਨ ਕਰੇ । ਪਰ ਇਹਨਾਂ ਹਾਲਾਤਾਂ ਦੇ ਬਾਦ ਵੀ ਜੱਦ ਰੱਬ ਦੀ ਇੱਜ਼ਤ ਦਾ ਸਵਾਲ ਆਇਆ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਚੁੱਪ ਰਹਿਣਾ ਪਸੰਦ ਨਹੀਂ ਕੀਤਾ ਅਤੇ ਸਮਝਿਆ ਕਿ ਦੁਸ਼ਮਨ ਨੂੰ ਭਾਵੇ ਪਤਾ ਲੱਗੇ ਜਾਂ ਨ ਪਤਾ ਲੱਗੇ । ਭਾਵੇਂ ਉਹ ਹਮਲਾ ਕਰੇ ਅਤੇ ਸਾਨੂੰ ਹਲਾਕ ਕਰ ਦੇਵੇ । ਹੁਣ ਅਸੀਂ ਚੁੱਪ ਨਹੀਂ ਰਹਾਂਗੇ । ਸੋ, ਆਪ ਸੱਲਲਾਹੁ ਅਲੈਹਿ ਵਸੱਲਮ ਨੇ ਸਹਾਬੀਆਂ ਨੂੰ ਫ਼ਰਮਾਇਆ : ਤੁਸੀਂ ਚੁੱਪ ਕਿਉਂ ਹੋ ਉੱਤਰ ਕਿਉਂ ਨਹੀਂ ਦਿੰਦੇ ਕਿ اللهعزوجل-اللهعزوجل ।

ਇੱਕ ਥਾਂ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਮੱਕੇ ਦੇ ਜਿੰਨ੍ਹਾਂ ਵੱਡਿਆਂ ਨੇ ਹਜ਼ਰਤ ਮੁਹੱਮਦ ਸੱਲਲਾਹੁ ਅਲੈਹਿ ਵਸੱਲਮ ਨੂੰ ਮਾਰਨਾ ਚਾਹਿਆ ਕੀ ਅੱਜ ਸੰਸਾਰ ਵਿੱਚ ਉਹਨਾਂ ਲੋਕਾਂ ਦਾ ਕੋਈ ਨਾਂ ਲੈਣ ਵਾਲਾ ਹੈ ? ਤੁਸੀਂ ਵੇਖੋਗੇ ਕਿ ਮੁਹੱਮਦ ਸੱਲਲਾਹੁ ਅਲੈਹਿ ਵਸੱਲਮ ਦੇ ਨਾਂ ਉੱਤੇ ਤਾਂ ਕਰੋੜ੍ਹਾਂ ਆਵਾਜ਼ਾਂ ਬੁਲੰਦ ਹੋ ਜਾਣਗੀਆਂ ਅਤੇ ਸਾਰਾ ਸੰਸਾਰ ਬੋਲ ਪਏਗਾ ਕਿ ਹਾਂ ! ਮੁਹੱਮਦ ਸੱਲਲਾਹੁ ਅਲੈਹਿ ਵਸੱਲਮ ਸਾਡੇ ਵਿੱਚ ਮੌਜੂਦ ਹਨ ਕਿਉਂਕਿ ਆਪ ਸੱਲਲਾਹੁ ਅਲੈਹਿ ਵਸੱਲਮ ਦੀ ਨੁਮਾਇੰਦਗੀ ਦਾ ਮਾਣ ਸਾਨੂੰ ਪ੍ਰਾਪਤ ਹੈ । ਪਰ ਅਬੂ ਜਹਲ ਨੂੰ ਸੱਦਣ ਉੱਤੇ ਤੁਹਾਨੂੰ ਕਿਸੇ ਕੰਢੇ ਤੋਂ ਵੀ ਆਵਾਜ਼ ਨਿਕਲਦੀ ਸੁਣਾਈ ਨਹੀਂ ਦੇਵੇਗੀ ।

ਫ਼ਿਰ ਇਸ ਬਾਰੇ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਬਿਆਨ ਫ਼ਰਮਾਉਂਦੇ ਹਨ ਕਿ ਨਬੀਆਂ ਉੱਤੇ ਜੋ ਮੁਸ਼ਕਿਲਾਂ ਆਉਂਦੀਆਂ ਹਨ । ਉਹਨਾਂ ਵਿੱਚ ਵੀ ਰੱਬ ਦੇ ਹਜ਼ਾਰਾਂ ਰਾਜ਼ ਹੁੰਦੇ ਹਨ । ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਉੱਤੇ ਬਹੁਤ ਮੁਸ਼ਕਿਲਾਂ ਆਉਂਦੀਆਂ ਸਨ । ਇੱਕ ਸਾਖੀ ਹੈ ਕਿ ਜੰਗੇ ਓਹਦ ਵਿੱਚ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ 70 ਤਲਵਾਰਾਂ ਦੇ ਜ਼ਖ਼ਮ ਲੱਗੇ ਸਨ ਅਤੇ ਮੁਸਲਮਾਨਾਂ ਦੀ ਖ਼ਰਾਬ ਹਾਲਤ ਵੇਖ ਕੇ ਕੁੱਫ਼ਾਰ ਨੂੰ ਬਹੁਤ ਖ਼ੁਸ਼ੀ ਹੋਈ । ਅਜਿਹੀਆਂ ਸਖ਼ਤੀਆਂ ਦਾ ਵੇਖਣਾ ਵੀ ਜ਼ਰੂਰੀ ਸੀ । ਮੱਕੇ ਤੋਂ ਨਿਕਲਣ ਸਮੇਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਉੱਤੇ ਕਿਹੋ ਜਿਹਾ ਸਖ਼ਤ ਸਮਾਂ ਸੀ । ਪਰ ਹੁਣ ਰੱਬ ਨੇ ਹਾਲਾਤ ਬਦਲ ਦਿੱਤੇ ।

ਹਜ਼ਰਤ ਹਨਜ਼ਲਾ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਦਾ ਕਿੱਸਾ ਬਿਆਨ ਹੁੰਦਾ ਹੈ। ਉਹਨਾਂ ਦੀ ਪਤਨੀ ਦੱਸਦੀ ਹੈ ਕਿ ਮੇਰੇ ਪਤੀ ਨੂੰ ਜੱਦ ਪਤਾ ਲੱਗਿਆ ਕਿ ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਜੰਗ ਲਈ ਨਿਕਲ ਗਏ ਹਨ। ਤੱਦ ਮੇਰੇ ਪਤੀ ਉੱਤੇ ਸੰਭੋਗ ਦਾ ਇਸ਼ਨਾਨ ਫ਼ਰਜ਼ ਸੀ। ਪਰ ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਦੇ ਜਾਣ ਦੀ ਖ਼ਬਰ ਸੁਣ ਕੇ ਇੰਨ੍ਹੀ ਜਲਦੀ ਅਤੇ ਬੇਆਰਾਮੀ ਨਾਲ ਘਰੋਂ ਨਿਕਲੇ ਹਨ ਕਿ ਇਸ਼ਨਾਨ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ ਅਤੇ ਤਲਵਾਰ ਲੈ ਕੇ ਜੰਗ ਦੇ ਮੈਦਾਨ ਵੱਲ੍ਹ ਤੁਰ ਪਏ। ਉਹਨਾਂ ਨੂੰ ਸ਼ਦਾਦ ਬਿਨ ਅਸਵਦ ਨੇ ਸ਼ਹੀਦ ਕਰ ਦਿੱਤਾ ਸੀ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਉਹਨਾਂ ਦੀ ਸ਼ਹਾਦਤ ਉੱਤੇ ਫ਼ਰਮਾਇਆ ਕਿ ਮੈਂ ਫ਼ਰਿਸ਼ਤੀਆਂ ਨੂੰ ਵੇਖ ਰਿਹਾ ਸੀ ਕਿ ਉਹ ਆਕਾਸ਼ ਅਤੇ ਜ਼ਮੀਨ ਦੇ ਵਿੱਚਕਾਰ ਚਾਂਦੀ ਦੇ ਪਾਂਡੀਆਂ ਵਿੱਚ ਸਾਫ਼ ਸੁਥਰੇ ਪਾਣੀ ਲੈ ਕੇ ਹਨਜ਼ਲਾ ਰਜ਼ੀ ਅੱਲਾਹ ਅੰਨਹੁ ਨੂੰ ਇਸ਼ਨਾਨ ਦੇ ਰਹੇ ਸਨ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਲਿੱਖਿਆ ਹੈ ਕਿ ਹੁਣ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਵੀ ਮੈਦਾਨ ਵਿੱਚ ਆ ਗਏ ਸਨ ਅਤੇ ਸ਼ਹੀਦਾਂ ਦੀਆਂ ਲਾਸ਼ਾਂ ਦੀ ਦੇਖ ਭਾਲ ਸ਼ੁਰੂ ਸੀ। ਜੋ ਨਜ਼ਾਰਾ ਉਸ ਸਮੇਂ ਮੁਸਲਮਾਨਾਂ ਦੇ ਸਾਮ੍ਹਣੇ ਸੀ। ਉਹ ਲਹੂ ਦੇ ਅੱਥਰੂ ਰੁਲਾਉਣ ਵਾਲਾ ਸੀ। 70 ਮੁਸਲਮਾਨ ਮਿੱਟੀ ਅਤੇ ਲਹੂ ਵਿੱਚ ਭਰੇ ਹੋਏ ਮੈਦਾਨ ਵਿੱਚ ਪਏ ਸਨ ਅਤੇ ਅਰਬ ਦੀ ਗੰਦੀ ਰਸਮ ' ਮੁਸਲਾ ' ਦਾ ਭਿਆਨਕ ਨਜ਼ਾਰਾ ਪੇਸ਼ ਕਰ ਰਿਹਾ ਸੀ ਇਹਨਾਂ ਕਤਲ ਹੋਣ ਵਾਲਿਆਂ ਵਿੱਚ ਕੇਵਲ 06 ਮੁਹਾਜਿਰ ਸਨ ਅਤੇ ਬਾਕੀ ਸਾਰੇ ਅੰਨਸਾਰ ਨਾਲ ਸੰਬੰਧ ਰੱਖਦੇ ਸਨ। ਕੁਰੈਸ਼ ਦੇ ਕਤਲ ਹੋਣ ਵਾਲਿਆਂ ਦੀ ਗਿਣਤੀ 23 ਸੀ। ਜੱਦ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਆਪਣੇ ਚਾਚਾ ਅਤੇ ਦੁੱਧ ਭਰਾ ਹਮਜ਼ਾ ਬਿਨ ਅਬਦੁੱਲ ਮੁਤਲਿਬ ਰਜ਼ੀ ਅੱਲਾਹ ਅੰਨਹੁ ਦੀ ਲਾਸ਼ ਦੇ ਕੋਲ੍ਹ ਪਹੁੰਚੇ ਤਾਂ ਰੋ ਪਏ ਕਿਉਂਕਿ ਜ਼ਾਲਿਮ ਹਿੰਦਾ ਪਤਨੀ ਅਬੂ ਸੁਫ਼ਯਾਨ ਨੇ ਉਹਨਾਂ ਦੀ ਲਾਸ਼ ਨੂੰ ਬੁਰੀ ਤਰ੍ਹਾਂ ਵਿਗਾੜ੍ਹ ਦਿੱਤਾ ਸੀ। ਕੁੱਝ ਦੇਰ ਤੱਕ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਚੁੱਪ ਖੜ੍ਹੇ ਰਹੇ ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਚਿਹਰੇ ਤੋਂ ਦੁੱਖ ਅਤੇ ਗੁੱਸੇ ਦੇ ਨਿਸ਼ਾਨ ਪ੍ਰਕਟ ਸਨ। ਇੱਕ ਮਿੱਟ ਲਈ ਆਪ ਇਸ ਪਾਸੇ ਵੀ ਆਏ ਕਿ ਮੱਕੇ ਦੇ ਇਹਨਾਂ ਜਾਨਵਰਾਂ ਨਾਲ ਜੱਦ ਤੱਕ ਉਹਨਾਂ ਵਰਗਾ ਸਲੂਕ ਨ ਕੀਤਾ ਜਾਵੇ, ਉਹ ਹੋਸ਼ ਨਹੀਂ ਕਰਨਗੇ। ਪਰ ਆਪ ਸੱਲਲਾਹੁ ਅਲੈਹਿ ਵਸੱਲਮ ਇਸ ਖ਼ਿਆਲ ਨਾਲ ਰੁੱਕ ਗਏ ਅਤੇ ਸਬਰ ਕੀਤਾ। ਸਗੋਂ ਉਸ ਦੇ ਬਾਦ ਆਪ ਸੱਲਲਾਹੁ ਅਲੈਹਿ ਵਸੱਲਮ ਨੇ ' ਮੁਸਲਾ ' ਦੀ ਰਸਮ ਨੂੰ ਇਸਲਾਮ ਵਿੱਚ ਸਦਾ ਲਈ ਹਰਾਮ ਕਰਾਰ ਦੇ ਦਿੱਤਾ ਅਤੇ ਫ਼ਰਮਾਇਆ : ਦੁਸ਼ਮਨ ਭਾਵੇਂ ਕੁੱਝ ਕਰੇ। ਤੁਸੀਂ ਇਸ ਕਿਸਮ ਦੇ ਜਾਨਵਰਾਂ ਵਾਲੇ ਤਰੀਕ ਤੋਂ ਬਚਣਾ ਹੈ ਅਤੇ ਨੇਕੀ ਅਤੇ ਮਿਹਰਬਾਨੀ ਦੇ ਤਰੀਕ ਉੱਤੇ ਤੁਰਨਾ ਹੈ।

ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਭੁਈ ਦੇ ਮੁੰਡੇ ਅਬਦੁੱਲਾਹ ਬਿਨ ਜਹਸ਼ ਰਜ਼ੀ ਅੱਲਾਹ ਅੰਨਹੁ ਦੀ ਲਾਸ਼ ਨੂੰ ਵੀ ਬੁਰੀ ਤਰ੍ਹਾਂ ਵਿਗਾੜ੍ਹ ਦਿੱਤਾ ਗਿਆ। ਜਿਵੇਂ ਜਿਵੇਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਇੱਕ ਲਾਸ਼ ਤੋਂ ਹੱਟ ਕੇ ਦੂਜੀ ਲਾਸ਼ ਵੱਲ੍ਹ ਜਾਂਦੇ ਸਨ। ਆਪ ਸੱਲਲਾਹੁ ਅਲੈਹਿ ਵਸੱਲਮ ਦੇ ਚਿਹਰੇ ਉੱਤੇ ਗ਼ਮ ਅਤੇ ਦੁੱਖ ਦੇ ਨਿਸ਼ਾਨ ਵੱਧਦੇ ਜਾਂਦੇ ਸਨ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਇਹਨਾਂ ਸ਼ਹੀਦਾਂ ਅਤੇ ਉਹਨਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦੇ ਹੋਏ ਸਅਦ ਬਿਨ ਰਬੀਅ ਰਜ਼ੀ ਅੱਲਾਹ ਅੰਨਹੁ ਬਾਰੇ ਉਹਨਾਂ ਦੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨਾਲ ਇਸ਼ਕ ਅਤੇ ਪ੍ਰੇਮ ਦਾ ਜ਼ਿਕਰ ਕਰਦੇ ਹੋਏ ਇੰਝ ਬਿਆਨ ਫ਼ਰਮਾਇਆ ਕਿ ਵੇਖੋ ਅਜਿਹੇ ਸਮੇਂ ਜੱਦ ਮਨੁੱਖ ਸਮਝਦਾ ਹੈ ਕਿ ਮੈਂ ਮਰ ਰਿਹਾ ਹਾਂ। ਕੀ ਕੀ ਖ਼ਿਆਲ ਉਸ ਦੇ ਦਿਲ੍ਹ ਵਿੱਚ ਆਉਂਦੇ ਹਨ। ਉਹ ਸੋਚਦਾ ਹੈ ਮੇਰੀ ਪਤਨੀ ਦਾ ਕੀ ਹਾਲ ਹੋਵੇਗਾ। ਮੇਰੇ ਬੱਚਿਆਂ ਨੂੰ ਕੌਣ ਪੁੱਛੇਗਾ। ਪਰ ਉਸ ਸਹਾਬੀ ਨੇ ਕੋਈ ਅਜਿਹਾ ਸੰਦੇਸ਼ ਨਹੀਂ ਦਿੱਤਾ। ਕੇਵਲ ਇਹੀ ਕਿਹਾ ਕਿ ਅਸੀਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਰਾਖੀ ਕਰਦੇ ਹੋਏ ਇਸ ਸੰਸਾਰ ਤੋਂ ਜਾਂਦੇ ਹਾਂ। ਤੁਸੀਂ ਵੀ ਇਸੇ ਰਾਹ

ਤੋਂ ਸਾਡੇ ਪਿੱਛੇ ਆ ਜਾਓ। ਉਹਨਾਂ ਲੋਕਾਂ ਦੇ ਅੰਦਰ ਇਹੀ ਇਮਾਨ ਦੀ ਤਾਕਤ ਸੀ। ਜਿਸ ਕਰਕੇ ਉਹਨਾਂ ਨੇ ਸੰਸਾਰ ਨੂੰ ਜਿੱਤ ਲਿਆ ਅਤੇ ਕੈਸਰ-ਓ-ਕਿਸਰਾ ਦਾ ਰਾਜ ਪਾਠ ਉਲਟਾ ਦਿੱਤਾ। ਆਪ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਮਰਨ ਵਾਲੇ ਦੀ ਇਹੀ ਇੱਛਾ ਹੁੰਦੀ ਹੈ ਕਿ ਕੁੱਝ ਮਿੰਟ ਵੀ ਹੋਰ ਮਿਲ ਜਾਣ ਤਾਂ ਪਤਨੀ ਬੱਚਿਆਂ ਅਤੇ ਭਰਾਵਾਂ ਭੈਣਾ ਨਾਲ ਕੋਈ ਗੱਲ੍ਹ ਹੋ ਜਾਵੇ। ਉਹਨਾਂ ਲਈ ਕੋਈ ਨਸੀਹਤ ਕਰ ਜਾਵੇ। ਪਰ ਉਹ ਸਹਾਬੀ ਪੱਥਰੀਲੀ ਜ਼ਮੀਨ ਉੱਤੇ ਪਏ ਸਨ। ਪਰ ਅਜਿਹੀ ਹਾਲਤ ਵਿੱਚ ਵੀ ਉਹਨਾਂ ਨੇ ਇਹੀ ਸੰਦੇਸ਼ ਦਿੱਤਾ ਕਿ ਮੁਹੱਮਦ ਸੱਲਲਾਹੁ ਅਲੈਹਿ ਵਸੱਲਮ ਤੁਹਾਡੇ ਕੋਲ੍ਹ ਰੱਬ ਦੀ ਕੀਮਤੀ ਅਮਾਨਤ ਹਨ। ਮੈਂ ਜਾਨ ਕੁਰਬਾਨ ਕਰਕੇ ਵੀ ਉਸ ਅਮਾਨਤ ਦੀ ਰਾਖੀ ਕੀਤੀ ਅਤੇ ਹੁਣ ਆਪਣੇ ਪਿਆਰੇ ਭਰਾਵਾਂ ਅਤੇ ਬਚਿੱਆਂ ਨੂੰ ਮੇਰੀ ਅੰਤਿਮ ਨਸੀਹਤ ਹੈ ਕਿ ਉਹ ਵੀ ਆਪਣੀ ਜਾਨਾਂ ਦੇ ਨਾਲ ਇਸ ਅਮਾਨਤ ਦੀ ਰਾਖੀ ਕਰਨ ਅਤੇ ਇਹ ਕਹਿ ਕੇ ਸੁਆਸ ਤਿਆਗ ਦਿੱਤੇ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨਾਲ ਇਸ਼ਕ ਕਰਨ ਵਾਲੇ ਅਜਿਹੇ ਪ੍ਰਕਟਾਵੇ ਹਨ ਕਿ ਮਨੁੱਖ ਹੈਰਾਨ ਹੁੰਦਾ ਹੈ। ਰੱਬ ਸਾਡੇ ਅੰਦਰ ਵੀ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨਾਲ ਇਸ਼ਕ ਦੀ ਇਸ ਰੂਹ ਨੂੰ ਪੈਦਾ ਫ਼ਰਮਾਏ ਅਤੇ ਜੱਦ ਇਹ ਸੋਚ ਪੈਦਾ ਹੋਵੇਗੀ। ਤੱਦ ਅਸੀਂ ਰੱਬ ਨਾਲ ਸੰਬੰਧ ਵਿੱਚ ਵੀ ਵਧਾਂਗੇ ਅਤੇ ਆਪਣੀ ਕਮਜ਼ੋਰੀਆਂ ਨੂੰ ਦੂਰ ਕਰਨ ਦੀ ਵੀ ਹਕੀਕਤ ਵਿੱਚ ਕੋਈ ਕੋਸ਼ਿਸ਼ ਕਰਾਂਗੇ ਤਾਂ ਕਿ ਅਸੀਂ ਸਹੀ ਇਸਲਾਮੀ ਰੰਗ ਆਪਣੀ ਇਬਾਦਤਾਂ, ਆਪਣੇ ਆਚਰਣ ਅਤੇ ਆਪਣੀ ਆਦਤਾਂ ਵਿੱਚ ਪੈਦਾ ਕਰਨ। ਰੱਬ ਸਾਨੂੰ ਇਸ ਦੀ ਤੌਫ਼ੀਕ ਬਖ਼ਸ਼ੇ।

ਖ਼ੁਤਬੇ ਦੇ ਦੂਜੇ ਹਿੱਸੇ ਵਿੱਚ ਹਜ਼ੂਰੇ ਅਨਵਰ ਨੇ ਕੁੱਝ ਸਵਰਗਵਾਸੀਆਂ ਦਾ ਜ਼ਿਕਰ ਫ਼ਰਮਾਇਆ।

ਸਭ ਤੋਂ ਪਹਿਲਾਂ ਡਾਕਟਰ ਮਨਸੂਰ ਸ਼ਬੂਤੀ ਸਾਹਿਬ ਆਫ਼ ਯਮਨ ਦੇ ਆਕਾਲ ਚਲਾਣੇ ਨੂੰ ਸ਼ਹਾਦਤ ਕਰਾਰ ਦਿੰਦੇ ਹੋਏ ਫ਼ਰਮਾਇਆ ਕਿ ਉਹਨਾਂ ਨੂੰ ਅਹਮਦੀਅਤ ਕਰਕੇ ਕੈਦ ਕੀਤਾ ਗਿਆ ਸੀ ਅਤੇ ਕੈਦ ਵਿੱਚ ਹੀ ਉਹਨਾਂ ਦਾ ਆਕਾਲ ਚਲਾਣਾ ਹੋ ਗਿਆ। ਇਸ ਲਈ ਇਹ ਸ਼ਹੀਦ ਹੀ ਅਖ਼ਵਾਉਣਗੇ ਅਤੇ ਇਸ ਹਿਸਾਬ ਨਾਲ ਇਹ ਯਮਨ ਦੇ ਪਹਿਲੇ ਅਹਮਦੀ ਸ਼ਹੀਦ ਹਨ। ਸਵਰਗਵਾਸੀ ਯਮਨ ਦੇ ਮਸ਼ਹੂਰ ਡਾਕਟਰ ਸਨ।

ਉਸ ਦੇ ਬਾਦ ਸ਼੍ਰੀਮਾਨ ਸਲਾਹ-ਉੱਦ-ਦੀਨ ਮੁਹੱਮਦ ਸਾਲਿਹ ਅਬਦੁੱਲ ਕਾਦਰ ਓਦਹ ਸਾਹਿਬ ਪਿਤਾ ਮੁਹੱਮਦ ਸ਼ਰੀਫ਼ ਓਦਹ ਸਾਹਿਬ ਅਮੀਰ ਜਮਾਅਤ ਅਹਮਦੀਆ ਕਬਾਬੀਰ ਦੇ ਜ਼ਿਕਰ ਵਿੱਚ ਫ਼ਰਮਾਇਆ ਕਿ ਸਵਰਗਵਾਸੀ ਖ਼ਿਲਾਫ਼ਤ ਦੇ ਆਸ਼ਿਕ ਅਤੇ ਨਿਜ਼ਾਮੇ ਜਮਾਅਤ ਦਾ ਬਹੁਤ ਸਤਿਕਾਰ ਕਰਦੇ ਸਨ।

ਤੀਜਾ ਜ਼ਿਕਰ ਰਿਹਾਨਾ ਫ਼ਰਹਤ ਸਾਹਿਬਾ ਪਤਨੀ ਕਰਾਮਤੁੱਲਾਹ ਖ਼ਾਦਮ ਸਾਹਿਬ ਰਬਵਹ ਦਾ ਹੈ। ਹਜ਼ੂਰੇ ਅਨਵਰ ਨੇ ਜੁਮਆ ਦੀ ਨਮਾਜ਼ ਦੇ ਬਾਦ ਇਹਨਾਂ ਸਵਰਗਵਾਸੀਆਂ ਦੀ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਵੀ ਫ਼ਰਮਾਇਆ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔